# BC HANDS & VOICES



# ਆਪਣੇ ਬੇਟੇ ਵਿੱਚ ਸੁਣਨਸ਼ਕਤੀ ਦੀ ਘਾਟ ਨਾਲ ਨਿਪਟਣ ਦੇ ਸੰਬੰਧ ਵਿੱਚ ਮੇਰੀਆਂ ਨਿੱਜੀ ਚੁਣੌਤੀਆਂ

ਜਨਮ ਸਮੇਂ ਮੇਰੇ ਬੇਟੇ ਕੌਨਰ ਵਿੱਚ ਹਲਕੇ ਦੁਵੱਲੇ ਬੋਲੇਪਣ (ਮਾਈਲਡ ਬਾਈਲੈਟਰਲ ਹੀਅਰਿੰਗ ਲੌਸ) ਦੇ ਹੋਣ ਦੀ ਪਛਾਣ ਹੋਈ ਸੀ। ਇਸ ਦੀ ਪਛਾਣ ਹੋਣ ਸਮੇਂ ਮੈਂ ਅਫਸੋਸ ਦੇ ਆਮ ਅਮਲ ਵਿੱਚ ਦੀ ਗੁਜ਼ਰੀ ਸੀ ਪਰ ਕੌਨਰ ਵਿੱਚ ਸੁਣਨਸ਼ਕਤੀ ਦੀ ਘਾਟ ਹੋਣ ਦਾ ਅਸਲੀਅਤ ਵਿੱਚ ਮੇਰੇ 'ਤੇ ਕੋਈ ਅਸਰ ਨਹੀਂ ਹੋਇਆ ਸੀ ਕਿਉਂਕਿ ਮੇਰੇ ਆਪਣੇ ਵਿੱਚ ਹਲਕਾ ਦੁੱਬੱਲਾ ਬੋਲਾਪਣ (ਮਾਈਲਡ ਬਾਈਲੈਟਰਲ ਹੀਅਰਿੰਗ ਲੌਸ) ਹੈ ਅਤੇ ਮੈਂ ਇਸ ਨਾਲ ਠੀਕ ਠਾਕ ਨਜਿੱਠ ਲਿਆ ਹੈ। ਪਰ ਮੈਨੂੰ ਉਨ੍ਹਾਂ ਨਿੱਜੀ ਚੁਣੌਤੀਆਂ ਦਾ ਅੰਦਾਜ਼ਾ ਨਹੀਂ ਸੀ ਜਿਨ੍ਹਾਂ ਦਾ ਮੈਨੂੰ ਇਕ ਸੁਣਨਸ਼ਕਤੀ ਦੀ ਘਾਟ ਵਾਲੇ ਬੱਚੇ ਦੀ ਮਾਂ ਹੋਣ ਨਾਤੇ ਸਾਹਮਣਾ ਕਰਨਾ ਪੈਣਾ ਸੀ।

ਮੇਰੀ ਪਹਿਲੀ ਚੁਣੌਤੀ ਮੇਰਾ ਪਰਿਵਾਰ ਸੀ – ਖਾਸ ਕਰਕੇ ਮੇਰਾ ਪਤੀ ਅਤੇ ਉਸ ਦੇ ਮਾਪੇ। ਉਨ੍ਹਾਂ ਨੂੰ ਕਿਸੇ 'ਤੇ "ਦੋਸ਼" ਧਰਨ ਦੀ ਲੋੜ ਸੀ, ਇਸ ਗੱਲ ਦਾ ਕਾਰਨ ਲੱਭਣ ਦੀ ਕਿ ਕੌਨਰ ਵਿੱਚ ਸੁਣਨਸ਼ਕਤੀ ਦੀ ਘਾਟ ਕਿਉਂ ਹੈ ਅਤੇ ਇਹ ਕਾਰਨ ਜਾਂ ਦੋਸ਼ ਮੈਨੂੰ ਦਿੱਤਾ ਗਿਆ ਕਿਉਂਕਿ ਮੇਰੇ ਆਪਣੇ ਵਿੱਚ ਸੁਣਨਸ਼ਕਤੀ ਦੀ ਘਾਟ ਹੈ। ਅਤੇ ਮੈਂ ਆਪ ਵੀ ਆਪਣੇ ਆਪ ਨੂੰ ਦੋਸ਼ ਦੇਣ ਦੇ ਰਾਹ 'ਤੇ ਤੁਰ ਚੁੱਕੀ ਸੀ, ਪਰ ਮੈਂ ਛੇਤੀਂ ਹੀ ਆਪਣਾ ਰੁਖ ਬਦਲ ਲਿਆ। ਮੇਰੇ ਵਿੱਚ ਸੁਣਨਸ਼ਕਤੀ ਦੀ ਘਾਟ ਮੇਰੇ ਬਾਲਪਣ ਸਮੇਂ ਇਕ ਦਵਾਈ ਦੇ ਰੀਐਕਸ਼ਨ ਕਾਰਨ ਪੈਦਾ ਹੋਈ ਸੀ ਅਤੇ ਟੈੱਸਟਾਂ ਤੋਂ ਪਤਾ ਲੱਗ ਚੁੱਕਾ ਸੀ ਕਿ ਇਸ ਦੇ ਜੱਦੀ-ਪੁਸ਼ਤੀ ਹੋਣ ਦਾ ਕੋਈ ਸੰਕੇਤ ਨਹੀਂ ਸੀ। ਮੈਂ ਮਹਿਸੂਸ ਕਰਦੀ ਹਾਂ ਕਿ ਉਹ "ਦੋਸ਼ ਦੇਣ ਦੀ ਖੇਡ" ਤੋਂ ਪਾਰ ਆ ਚੁੱਕੇ ਹਨ, ਪਰ ਫਿਰ ਵੀ ਕਦੇ ਕਦੇ ਕੋਈ ਨਾ ਕੋਈ ਟਿੱਪਣੀ ਕਰ ਦਿੱਤੀ ਜਾਂਦੀ ਹੈ ਅਤੇ ਮੈਂ ਉਸ ਨਾਲ ਨਜਿੱਠਣ ਲਈ ਟਿੱਪਣੀ ਨੂੰ ਅਣਗੌਲਿਆਂ ਕਰ ਦਿੰਦੀ ਹਾਂ ਅਤੇ ਕੌਨਰ ਵਲੋਂ ਕੀਤੀ ਜਾ ਰਹੀ ਜਾਂ ਕੀਤੀ ਗਈ ਹੈਰਾਨ ਕਰਨ ਵਾਲੀ  ਗੱਲ ਵੱਲ ਧਿਆਨ ਦੁਆਉਂਦੀ ਹਾਂ ਜਾਂ ਇਸ ਗੱਲ ਵੱਲ ਧਿਆਨ ਦਿਵਾਉਂਦੀ ਹਾਂ ਕਿ ਉਹ ਕਿੰਨਾ ਚੰਗਾ ਬੱਚਾ ਹੈ।



ਮੇਰੇ ਸਾਹਮਣੇ ਮੇਰੀ ਅਗਲੀ ਚੁਣੌਤੀ ਉਦੋਂ ਆਈ ਜਦੋਂ ਕੌਨਰ ਹੀਅਰਿੰਗ ਏਡਾਂ ਲਾ ਰਿਹਾ ਸੀ। ਮੈਨੂੰ ਉਸ ਦੀਆਂ ਖੂਬਸੂਰਤ ਨੀਲੀਆਂ ਹੀਅਰਿੰਗ ਏਡਾਂ ਪਸੰਦ ਹਨ ਜਿਹੜੀਆਂ ਉਸ ਵਲੋਂ ਪਾਏ ਗਏ ਹਰ ਕੱਪੜੇ ਨਾਲ ਮੇਲ ਖਾਂਦੀਆਂ ਹਨ। ਮੈਂ ਉਸ ਵਲੋਂ ਇਹ ਪਹਿਨਣ ਵਿੱਚ ਸੱਚੀਂ ਖੁਸ਼ ਸੀ। ਮੈਂ ਆਪ ਹੀਅਰਿੰਗ ਏਡਾਂ ਨਹੀਂ ਲਾਉਂਦੀ, ਅਤੇ ਮੈਂ ਆਪਣੇ ਆਪ ਉਨ੍ਹਾਂ ਤੋਂ ਬਿਨਾਂ ਗੁਜ਼ਾਰਾ ਕਰਨਾ ਸਿੱਖ ਲਿਆ ਹੈ। ਮੈਂ ਇਹ ਪੱਕਾ ਕਰਨ ਬਾਰੇ ਕੋਸ਼ਿਸ਼ ਕਰਨੀ ਚਾਹੁੰਦੀ ਸੀ ਕਿ  ਕੌਨਰ ਵੱਡਾ ਹੁੰਦੇ ਵਕਤ ਹੀਅਰਿੰਗ ਏਡਾਂ ਨੂੰ ਪਹਿਨਣ ਵਿੱਚ ਠੀਕ ਮਹਿਸੂਸ ਕਰੇ ਅਤੇ  ਹੀਅਰਿੰਗ ਏਡਾਂ ਨੂੰ ਪਹਿਨਣ ਵਿੱਚ ਸ਼ਰਮ ਮਹਿਸੂਸ ਨਾ ਕਰੇ ਜਿਸ ਤਰ੍ਹਾਂ ਬਚਪਨ ਵਿੱਚ ਮੈਂ

ਜੈੱਨ ਕਿਪਲਿੰਗ
Jenn Kipling

*"My Personal Challenges in Dealing wit h My Son's Hearing Loss" was first published in Issue #3 (December 2009) of the BC Hands & Voices Newsletter.*

This translation is made possible with the generous donation of the Gwyn Morgan & Patricia Trottier Foundation.
ਇਹ ਅਨੁਵਾਦ ਗਵਿਨ ਮੌਰਗਨ ਅਤੇ ਪੈਟਰੀਸ਼ੀਆ ਟਰੌਟੀਅਰ ਫਾਉਂਡੇਸ਼ਨ ਵਲੋਂ ਮਿਲੀ ਸਹਾਇਤਾ ਨਾਲ ਸੰਭਵ ਹੋਇਆ।

# ਆਪਣੇ ਬੇਟੇ ਵਿੱਚ ਸੁਣਨਸ਼ਕਤੀ ਦੀ ਘਾਟ ਨਾਲ ਨਿਪਟਣ ਦੇ ਸੰਬੰਧ ਵਿੱਚ ਮੇਰੀਆਂ ਨਿੱਜੀ ਚੁਣੌਤੀਆਂ

**(2)**

ਕਰਦੀ ਸੀ। ਪਰ ਫਿਰ ਮੈਨੂੰ ਇਹ ਸਪਸ਼ਟ ਹੋ ਗਿਆ ਕਿ ਨੀਲੇ ਰੰਗ ਦੀਆਂ ਏਡਾਂ ਹੋਣ ਕਾਰਨ, ਜਿਹਨਾਂ ਬਾਰੇ ਸਾਫ ਪਤਾ ਚੱਲ ਜਾਂਦਾ ਹੈ, ਮੈਨੂੰ ਉਹਨਾਂ ਬਾਰੇ ਜਾਂ ਕੌਨਰ ਬਾਰੇ ਸਵਾਲ ਪੁੱਛੇ ਜਾਣਗੇ। ਮੈਂ ਇਹਨਾਂ ਸਵਾਲਾਂ ਬਾਰੇ ਪੂਰੀ ਤਰ੍ਹਾਂ ਤਿਆਰ ਨਹੀਂ ਸੀ ਅਤੇ ਪਹਿਲਾਂ ਪਹਿਲ ਇਹਨਾਂ ਨਾਲ ਖਿਝ ਜਾਂਦੀ ਸੀ। ਇਹਨਾਂ ਸਵਾਲਾਂ ਅਤੇ ਜੁਆਬਾਂ ਦੀਆਂ ਕੁਝ ਉਦਾਹਰਨਾਂ ਇਸ ਪ੍ਰਕਾਰ ਹਨ: "ਓ ਇਹ ਕੀ ਹਨ?" ਜਾਂ "ਇਹਦੇ ਵਿੱਚ ਕੀ ਨੁਕਸ ਹੈ?" ਜਾਂ ਲੋਕ ਉਸ ਅੱਗੇ ਚੁਟਕੀ ਵਜਾ ਕੇ ਦੇਖਦੇ ਸਨ ਕਿ ਉਹ ਉਸ ਦਾ ਹੁੰਗਾਰਾ ਭਰਦਾ ਸੀ ਜਾਂ ਨਹੀਂ। ਮੈਨੂੰ ਇਹਨਾਂ ਗੱਲਾਂ ਬਾਰੇ ਸ਼ਾਂਤੀ ਨਾਲ ਪ੍ਰਤੀਕਰਮ ਕਰਨ ਵਿੱਚ ਬਹੁਤ ਕੋਸ਼ਿਸ਼ ਕਰਨੀ ਪੈਂਦੀ ਤਾਂ ਕਿ ਮੇਰੇ ਜੁਆਬਾਂ ਵਿੱਚੋਂ ਕੌਨਰ ਮੇਰਾ ਤਣਾਅ ਜਾਂ ਨਿਰਾਸ਼ਾ ਨਾ ਮਹਿਸੂਸ ਕਰੇ। "ਇਹ ਹੀਅਰਿੰਗ ਏਡਾਂ ਹਨ। ਮੇਰੇ ਬੇਟੇ ਵਿੱਚ ਸੁਣਨਸ਼ਕਤੀ ਦੀ ਘਾਟ ਹੈ", ਜਾਂ "ਉਸ ਵਿੱਚ ਕੋਈ ਵੀ ਨੁਕਸ ਨਹੀਂ ਹੈ। ਤੁਸੀਂ ਕਿਉਂ ਪੁੱਛਦੇ ਹੋ?" ਜਾਂ "ਜਦੋਂ ਲੋਕ ਤੁਹਾਡੇ ਅੱਗੇ ਚੁਟਕੀ ਵਜਾਉਂਦੇ ਹਨ, ਕੀ ਤੁਸੀਂ ਹਮੇਸ਼ਾਂ ਹੀ ਉਸ ਦਾ ਹੁੰਗਾਰਾ ਭਰਦੇ ਹੋ?" (ਉਹ ਮੇਰੇ ਚੰਗੇ ਪਲ ਨਹੀਂ ਸਨ।) ਸ਼ਾਂਤੀ ਨਾਲ ਪ੍ਰਤੀਕਰਮ ਕਰਨਾ ਮੇਰੇ ਲਈ ਇਕ ਵੱਡੀ ਚੁਣੌਤੀ ਸੀ, ਭਾਵੇਂ ਕਿ ਸਮੁੱਚੇ ਤੌਰ 'ਤੇ ਮੈਂ ਸ਼ਾਂਤ ਹੀ ਰਹਿੰਦੀ ਹਾਂ।

ਮੇਰੀਆਂ ਆਖਰੀ ਨਿੱਜੀ ਚੁਣੌਤੀਆਂ ਪਿਛਲੇ ਸਾਲ ਵਿੱਚ ਸਨ, ਜਿਹੜਾ ਸਾਲ ਵਿਕਾਸ ਦਾ ਹੈਰਾਨਕੁੰਨ ਸਾਲ ਸੀ। ਮੈਨੂੰ ਲਗਾਤਾਰ ਇਹ ਸਵਾਲ ਪੁੱਛਿਆ ਜਾਂਦਾ ਰਿਹਾ ਕਿ ਕੀ ਕੌਨਰ ਵਿੱਚ ਸੱਚੀਂ ਹੀ ਸੁਣਨਸ਼ਕਤੀ ਦੀ ਘਾਟ ਹੈ। ਅਤੇ ਕਦੇ ਕਦੇ ਮੈਂ ਖੁਦ ਵੀ ਇਸ ਬਾਰੇ ਸਵਾਲ ਕਰਦੀ ਸੀ। ਇਸ ਲਈ ਮੁਸ਼ਕਿਲ ਇਹ ਸੀ ਕਿ ਆਪਣੇ ਆਪ ਨੂੰ ਇਹ ਯਾਦ ਕਰਵਾਉਣਾ ਕਿ ਉਸ ਵਿੱਚ ਸੁਣਨਸ਼ਕਤੀ ਦੀ ਘਾਟ ਹੈ ਅਤੇ ਲੋਕਾਂ ਨੂੰ ਇਸ ਬਾਰੇ ਸਮਝਾਉਣ ਲਈ ਸਿੱਖਣਾ ਤਾਂਕਿ ਉਹ ਇਹ ਸਮਝ ਸਕਣ। "ਉਹ ਤੁਹਾਡੇ ਮੁਕਾਬਲੇ ਚੀਜ਼ਾ ਨੂੰ ਜ਼ਿਆਦਾ ਸ਼ਾਂਤੀ ਵਿੱਚ ਸੁਣਦਾ ਹੈ ਅਤੇ ਜਦੋਂ ਉਹ ਰੌਲੇ ਵਾਲੀਆਂ ਸਥਿਤੀਆਂ ਵਿੱਚ ਹੁੰਦਾ ਹੈ ਤਾਂ ਉਹ ਅਵਾਜ਼ਾਂ ਅਤੇ ਸ਼ਬਦਾਂ ਨੂੰ ਨਹੀਂ ਸੁਣ ਸਕਦਾ" – ਮੈਂ ਜਾਣਿਆ ਹੈ ਕਿ ਇਹਨਾਂ ਦੀ ਵਰਤੋਂ ਕਰਨੀ ਸੌਖੀ ਹੈ।

ਬੇਸ਼ੱਕ ਮੈਂ ਜਾਣਦੀ ਹਾਂ ਅਤੇ ਆਪਣੇ ਆਪ ਨੂੰ ਹਮੇਸ਼ਾਂ ਯਾਦ ਕਰਵਾਉਂਦੀ ਰਹਿੰਦੀ ਹਾਂ, ਫਿਰ ਵੀ ਮੈਂ ਉਸ ਦੀਆਂ ਏਡਾਂ ਨੂੰ ਆਨ ਰੱਖਣ ਵੱਲ ਪੂਰਾ ਧਿਆਨ ਨਹੀਂ ਦਿੰਦੀ। ਇਹ ਮੁੱਖ ਤੌਰ 'ਤੇ ਇਸ ਕਰਕੇ ਹੈ ਕਿ ਉਹ ਉਹਨਾਂ ਤੋਂ ਬਿਨਾਂ ਚੰਗੀ ਤਰ੍ਹਾਂ ਕੰਮ ਚਲਾ ਲੈਂਦਾ ਹੈ, ਅਤੇ ਉਹਨਾਂ ਨੂੰ ਪਾਈ ਰੱਖਣ ਵਿੱਚ ਉਹ ਬਹੁਤ ਛੋਟਾਂ ਲੈਣੀਆਂ ਪਸੰਦ ਕਰਦਾ ਹੈ ਜਾਂ ਉਹਨਾਂ ਨੂੰ ਲਾਹ ਲੈਂਦਾ ਹੈ ਅਤੇ ਉਹਨਾਂ ਨੂੰ ਵੱਖ ਵੱਖ ਕਰ ਦਿੰਦਾ ਹੈ। ਕਈ ਵਾਰੀ ਉਹਨਾਂ ਨੂੰ ਲਾਹੀ ਰੱਖਣਾ ਸੌਖਾ ਹੁੰਦਾ ਹੈ। ਇਹ ਲਿਖਦੇ ਵਕਤ ਮੈਂ ਆਪਣੇ ਆਪ ਨੂੰ ਚੁਣੌਤੀ ਦਿੱਤੀ ਹੈ ਕਿ ਕੌਨਰ ਵਲੋਂ ਏਡਾਂ ਨੂੰ ਪਾਈ ਰੱਖਣ ਵਿੱਚ ਮੈਂ ਆਪਣੀ ਭੂਮਿਕਾ ਵੱਲ ਹੋਰ ਜ਼ਿਆਦਾ ਧਿਆਨ ਦੇਵਾਂਗੀ ਅਤੇ ਮੈਂ ਆਸ ਕਰਦੀ ਹਾਂ ਕਿ ਉਸ ਵਲੋਂ ਇਹਨਾਂ ਨੂੰ ਲਾਹੀ ਰੱਖਣ ਦੇ ਸਮੇਂ ਕਾਰਨ ਉਸ ਦੇ ਵਿਕਾਸ ਵਿੱਚ ਕੋਈ ਰੁਕਾਵਟ ਨਹੀਂ ਪਈ ਹੋਵੇਗੀ।

This translation is made possible with the generous donation of the Gwyn Morgan & Patricia Trottier Foundation.
ਇਹ ਅਨੁਵਾਦ ਗਵਿਨ ਮੌਰਗਨ ਅਤੇ ਪੈਟਰੀਸ਼ੀਆ ਟਰੌਟੀਅਰ ਫਾਊਂਡੇਸ਼ਨ ਵਲੋਂ ਮਿਲੀ ਸਹਾਇਤਾ ਨਾਲ ਸੰਭਵ ਹੋਇਆ।